# SwachhataPakhwada in the Ministry of External Affairs

February 01, 2023

.....................

**ਵਿਦੇਸ਼ ਮੰਤਰਾਲੇ ਵਿੱਚ ਸਵੱਛਤਾ ਪਖਵਾੜਾ ਮਨਾਇਆ ਗਿਆ**
**1 ਫਰਵਰੀ, 2023**

1. ਕੇਂਦਰ ਸਰਕਾਰ ਦੇ ਮੰਤਰਾਲਿਆਂ/ਵਿਭਾਗਾਂ ਦੀ ਸਮੇਂ ਸਾਰਣੀ ਅਨੁਸਾਰ ਵਿਦੇਸ਼ ਮੰਤਰਾਲੇ ਵੱਲੋਂ 1 - 15 ਜਨਵਰੀ, 2023 ਤੱਕ 425 ਤੋਂ ਵੱਧ ਥਾਵਾਂ, ਜਿੰਨਾਂ ਵਿੱਚ ਖੇਤਰੀ ਪਾਸਪੋਰਟ ਦਫ਼ਤਰ, ਵਿਦੇਸ਼ਾਂ ਵਿੱਚ ਭਾਰਤੀ ਮਿਸ਼ਨ / ਪੋਸਟਾਂ, ਬ੍ਰਾਂਚ ਸਕੱਤਰੇਤ ਅਤੇ ਭਾਰਤ ਵਿੱਚ ਇਸ ਦੇ ਅਧੀਨ ਦਫ਼ਤਰ ਸ਼ਾਮਲ ਹਨ, 'ਤੇ ਸਵੱਛਤਾ ਪਖਵਾੜਾ ਮਨਾਇਆ ਗਿਆ।

2. ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਨੇ ਮੰਤਰਾਲੇ ਦੇ ਸੀਨੀਅਰ ਅਧਿਕਾਰੀਆਂ ਨਾਲ 13 ਜਨਵਰੀ, 2023 ਨੂੰ ਸਾਊਥ ਬਲਾਕ ਵਿੱਚ ਸਵੱਛਤਾ ਦੇ ਹਾਲਾਤ ਦਾ ਮੁਆਇਨਾ ਕੀਤਾ। ਵਿਦੇਸ਼ ਮੰਤਰੀ ਨੇ ਸਾਊਥ ਬਲਾਕ ਵਿੱਚ ਕਈ ਸੈਕਸ਼ਨਾਂ, ਵਾਸ਼ਰੂਮਾਂ, ਨਵੇਂ ਬਣੇ ਮੀਟਿੰਗ ਰੂਮ ਅਤੇ ਮੁਰੰਮਤ ਕੀਤੀ ਗਈ ਕੰਟੀਨ ਦਾ ਨਿਰੀਖਣ ਕੀਤਾ। ਵਿਦੇਸ਼ ਮੰਤਰੀ ਨੇ ਸਵੱਛਾ ਪਖਵਾੜਾ ਨੂੰ ਸਫਲ ਬਣਾਉਣ ਲਈ ਮੰਤਰਾਲੇ ਦੇ ਕਰਮਚਾਰੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

3. ਪਖਵਾੜੇ ਦੌਰਾਨ ਦਫਤਰ ਦੀ ਇਮਾਰਤ ਵਿੱਚ ਮੌਜੂਦਾ ਸਫਾਈ ਪੱਧਰਾਂ ਨੂੰ ਸੁਧਾਰਨ, ਕਬਾੜ/ਰੱਦੀ ਸਮੱਗਰੀ ਦੇ ਨਿਪਟਾਰੇ ਅਤੇ ਇਸ ਸੰਦੇਸ਼ ਨੂੰ ਵਧਾਉਣ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਸਵੱਛਤਾ ਬੈਨਰ ਮੰਤਰਾਲੇ ਅਤੇ ਇਸ ਦੇ ਭਾਰਤ ਵਿੱਚ ਸਥਿਤ ਸਾਰੇ ਦਫ਼ਤਰਾਂ/ਮਾਤਹਿਤ ਦਫ਼ਤਰਾਂ ਅਤੇ ਵਿਦੇਸ਼ਾਂ ਵਿੱਚ ਭਾਰਤੀ ਮਿਸ਼ਨਾਂ/ਪੋਸਟਾਂ ਵਿੱਚ ਸਾਰੀਆਂ ਪ੍ਰਮੁੱਖ ਥਾਵਾਂ 'ਤੇ ਪ੍ਰਦਰਸ਼ਿਤ ਕੀਤੇ ਗਏ। ਅਧਿਕਾਰੀਆਂ ਨੇ ਆਪਣੇ ਦਫਤਰਾਂ ਅਤੇ ਆਲੇ-ਦੁਆਲੇ ਦੀ ਸਫਾਈ ਰੱਖਣ ਲਈ ਸ਼੍ਰਮਦਾਨ ਕੀਤਾ। ਪਖਾਨਿਆਂ, ਬਾਥਰੂਮਾਂ, ਪੌੜੀਆਂ ਅਤੇ ਗਲਿਆਰਿਆਂ ਨੂੰ ਸਾਫ਼ ਕਰਨ ਦੇ ਨਾਲ-ਨਾਲ ਕਾਗਜ਼ੀ ਰਹਿੰਦ-ਖੂੰਹਦ, ਪਲਾਸਟਿਕ ਕਬਾੜ ਅਤੇ ਈ-ਵੇਸਟ ਬੈਨਰਾਂ ਨੂੰ ਵੱਖ ਕਰਨ ਅਤੇ ਸੁਰੱਖਿਅਤ ਨਿਪਟਾਰੇ ਲਈ ਵਿਸ਼ੇਸ਼ ਮੁਹਿੰਮਾਂ ਚਲਾਈਆਂ ਗਈਆਂ। ਸਾਊਥ ਬਲਾਕ, ਜਵਾਹਰ ਲਾਲ ਨਹਿਰੂ ਭਵਨ ਅਤੇ ਸੁਸ਼ਮਾ ਸਵਰਾਜ ਭਵਨ ਵਿਖੇ ਵੱਖ-ਵੱਖ ਟੀਮਾਂ ਵੱਲੋਂ ਦਿਵਯਾਂਗ ਪਖਾਨਿਆਂ ਤੱਕ ਪਹੁੰਚ ਦੀ ਸਮੀਖਿਆ ਕੀਤੀ ਗਈ।

4. ਵਿਦੇਸ਼ਾਂ ਵਿੱਚ ਭਾਰਤੀ ਮਿਸ਼ਨਾਂ / ਭਾਰਤ ਵਿੱਚ ਖੇਤਰੀ ਪਾਸਪੋਰਟ ਦਫਤਰਾਂ ਨੇ ਸਵੱਛਤਾ ਪਖਵਾੜੇ ਦੌਰਾਨ ਸਰਗਰਮ ਹਿੱਸਾ ਲਿਆ। ਭਾਰਤੀ ਮਿਸ਼ਨਾਂ ਨੇ ਸਵੱਛਤਾ ਗਤੀਵਿਧੀਆਂ ਵਿੱਚ ਭਾਰਤੀ ਪ੍ਰਵਾਸੀਆਂ ਨੂੰ ਸ਼ਾਮਲ ਕੀਤਾ। ਸਵੱਛਤਾ ਗਤੀਵਿਧੀਆਂ ਵਿੱਚ ਇਹ ਚੀਜ਼ਾਂ ਸ਼ਾਮਲ ਸਨ (i) ਖੂਨਦਾਨ ਕੈਂਪ (EoI ਕਾਠਮੰਡੂ, AHCI ਮੋਮਬਾਸਾ ਅਤੇ RPO ਹੈਦਰਾਬਾਦ) (ii) ਨੁੱਕੜ ਨਾਟਕ (CGIs ਇਸਤਾਂਬੁਲ ਅਤੇ ਸਿਟਵੇ ਅਤੇ ਪਾਸਪੋਰਟ ਦਫਤਰ, ਵਿਸ਼ਾਖਾਪਟਨਮ)। (iii) ਪਲਾਗਿੰਗ ਵਾਕ (CGI Sittwe, EoI Asuncion, Paraguay ਅਤੇ RPO ਲਖਨਊ)। (iv) ਵੈਬੀਨਾਰ (EoI ਹੇਗ, AHCI ਮੋਮਬਾਸਾ, RPO, ਸ਼ਿਮਲਾ ਅਤੇ ਭੋਪਾਲ)। (v) ਪੇਂਟਿੰਗ ਦੇ ਮੁਕਾਬਲੇ (AHCI ਚਟਗਾਉਂ, EoI ਅੰਕਾਰਾ, HCI ਨੈਰੋਬੀ ਆਦਿ) ਅਤੇ (vi) ਬੂਟੇ ਲਾਉਣਾ (HCI Suva, EoI Baku, EoI Brazzaville, RPO ਜਲੰਧਰ ਆਦਿ)

5. ਸਵੱਛਤਾ ਪਖਵਾੜੇ ਦਾ ਆਕਾਰ ਅਤੇ ਪੱਧਰ ਵਿਆਪਕ ਸੀ, ਜਿਸ ਵਿੱਚ ਭਾਰਤ ਅਤੇ ਵਿਦੇਸ਼ ਅੰਦਰ ਹਜ਼ਾਰਾਂ ਅਧਿਕਾਰੀਆਂ ਦੀ ਵਿਆਪਕ ਭਾਗੀਦਾਰੀ ਹੋਈ।

ਨਵੀਂ ਦਿੱਲੀ
1 ਫਰਵਰੀ, 2023

DISCLAIMER: This is an approximate translation. The original is available in English on MEA's website and may be referred to as the official press release.